a2zpapers.com

Exam. Code : 105403
Subject Code : 1403

# Bachelor in Business Administration (BBA) 3rd Semester

## PUNJABI COMPULSORY

## Paper–BBA–302 (i)

Time Allowed—3 Hours] [Maximum Marks—50

1. ਘਰ ਦਾ ਪਿਆਰ ਨਿਬੰਧ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

ਸੜਕ ਪਾਰ ਕਰਦਾ ਬੁਢੇਪਾ ਨਿਬੰਧ ਦਾ ਸਾਰ ਲਿਖੋ। 15

2. ਅਰਮਾਨ ਇਕਾਂਗੀ ਦਾ ਵਿਸ਼ਾ ਪੱਖ ਲਿਖੋ।

**ਜਾਂ**

ਪਰਛਾਵੇਂ ਬੋਲ ਪਏ ਇਕਾਂਗੀ ਦਾ ਸਾਰ ਲਿਖੋ। 15

3. ਹੇਠ ਲਿਖੇ ਪੈਰ੍ਹੇ ਦੀ ਇੱਕ-ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਤੇ ਢੁੱਕਵਾਂ ਸਿਰਲੇਖ ਵੀ ਦਿਉ :

ਸਾਡੇ ਸਕੂਲਾਂ-ਕਾਲਜਾਂ ਦੀ ਨਵੀਂ ਪਨੀਰੀ ਨੂੰ ਸੁਝਾਉਣ ਦੀ ਡਾਢੀ ਲੋੜ ਹੈ। ਅਖ਼ਬਾਰ ਬੀਨੀ ਵੀ ਦੂਜੀਆਂ ਭੁੱਖਾਂ ਵਾਂਗ ਸੰਜਮ ਤੇ ਲੋੜ ਅਨੁਸਾਰ ਹੀ ਕਰਨੀ ਚਾਹੀਦੀ ਹੈ। ਅਖ਼ਬਾਰਾਂ ਵਾਲੇ ਆਖ਼ਰ ਕੌਣ ਹਨ। ਟੀਸੀ ਉੱਤੇ ਇਨ੍ਹਾਂ ਦਾ ਧਨੀ ਮਾਲਕ ਹੈ, ਜੋ ਇਨ੍ਹਾਂ ਦੇ ਚਲਾਉਣ ਲਈ ਸਰਮਾਇਆ ਦਿੰਦਾ ਹੈ। ਉਹ ਮਨੁੱਖ ਹੈ, ਦੇਵਤਾ ਨਹੀਂ। ਉਸਨੇ ਵੇਖਣਾ ਹੈ ਕਿ ਅਖ਼ਬਾਰ ਵਿਕਦਾ ਕਿਵੇਂ ਹੈ ਤੇ ਉਸ ਦੇ ਸਰਮਾਏ ਨੂੰ ਛੇਤੀ ਦੁੱਗਣਾ-ਚੌਗੁਣਾ ਕਿਵੇਂ ਕੀਤਾ ਜਾ ਸਕਦਾ ਹੈ। ਉਸ ਦੇ ਹੱਥ ਤਾਕਤ ਹੁੰਦੀ ਹੈ, ਜਨਤਾ ਦੇ ਅੱਖਾਂ ਤੇ



www.a2zpapers.com www.a2zpapers.com
load free old Question papers gndu, ptu hp board, punjab b

a2zpapers.com

ਕੰਨਾਂ ਵਿੱਚ ਜੋ ਚਾਹੇ, ਜਿਵੇਂ ਚਾਹੇ, ਜਿਸ ਰੰਗ ਵਿੱਚ ਚਾਹੇ ਪੇਸ਼ ਕਰਾਉਂਦਾ ਹੈ। ਅੱਗੋਂ ਉਸ ਨੂੰ ਵਰਤਣ ਵਾਲੇ, ਸਿਆਸੀ ਮੱਲ, ਹਕੂਮਤਾਂ, ਵੱਡੇ ਸੌਦਾਗਰ ਜਿਨ੍ਹਾਂ ਦੇ ਹੱਥ ਇਸ ਪੂੰਜੀ ਮਾਲਕ ਦੇ ਕੰਨ ਮਰੋੜਨ ਦੀ ਤਾਕਤ ਹੁੰਦੀ ਹੈ। ਅਖ਼ਬਾਰਾਂ ਨੂੰ ਲਿਖਣ ਵਾਲੇ, ਚਿੱਟੇ ਨੂੰ ਕਾਲਾ ਤੇ ਕਾਲੇ ਨੂੰ ਚਿੱਟਾ ਲਿਖਦੇ। ਲਿਖਾਣ ਵਾਲੇ ਜਿੰਨੇ ਚਾਹੋ ਤਨਖ਼ਾਹ ਉੱਤੇ ਲੱਭੇ ਜਾਂਦੇ ਹਨ। ਸੋ ਸਮਝਣ ਦੀ ਲੋੜ ਹੈ ਕਿ ਅਖ਼ਬਾਰਾਂ ਪੜ੍ਹਨ ਦਾ ਲਾਭ ਵੀ ਹੋ ਸਕਦਾ ਹੈ, ਕੁਲਾਭ ਵੀ, ਗੁਣ ਵੀ, ਔਗੁਣ ਵੀ। ਇਹ ਅਖ਼ਬਾਰ ਪੜ੍ਹਨ ਵਾਲੇ ਉੱਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਵਿੱਚ ਦੁੱਧ-ਪਾਣੀ ਨੂੰ ਵੱਖ ਕਰਨ ਦੀ ਖੇਚਲ, ਸਮਾਂ ਤੇ ਬੁੱਧੀ ਹੈ ਜਾਂ ਨਹੀਂ। 10

4. ਵਾਕ ਕੀ ਹੈ ? ਵਾਕ ਦੇ ਰੂਪ ਤੇ ਕਾਰਜ ਦੇ ਆਧਾਰ ਤੇ ਵਰਗੀਕਰਨ ਕਰੋ।

**ਜਾਂ**

ਉਪਵਾਕ ਕੀ ਹੈ ? ਕਾਰਜ ਦੇ ਆਧਾਰ ਤੇ ਵਰਗੀਕਰਨ ਕਰੋ। 10



www.a2zpapers.com www.a2zpapers.com
load free old Question papers gndu, ptu hp board, punjab b